COVID-19

NSW GOVERNMENT

ਬਲੈਕਟਾਊਨ ਲੋਕਲ ਗੌਰਮਿੰਟ ਏਰੀਆ

ਕੋਵਿਡ-19 ਨਿਯਮ

(5 ਸਤੰਬਰ ਸਤੰਬਰ 2021 ਦੇ ਦਿਨ ਜਾਣਕਾਰੀ ਦੁਰੁਸਤ ਹੈ)

ਜੇ ਤੁਸੀਂ ਬਲੈਕਟਾਊਨ ਲੋਕਲ ਗੌਰਮਿੰਟ ਖੇਤਰ ਵਿੱਚ ਰਹਿੰਦੇ ਹੋ, ਤਾਂ ਤੁਹਾਡੇ ਲਈ ਨਿਯਮਾਂ ਦਾ ਸਾਰ

ਗਤੀਵਿਧੀ	ਨੀਯਮ
ਘਰ ਵਿੱਚ ਹੀ ਰਹੋ	ਤੁਹਾਨੂੰ ਘਰੋਂ ਨਹੀਂ ਨਿੱਕਲਣਾ ਚਾਹੀਦਾ ਜੱਦੋਂ ਤੱਕ ਕਿ ਬਹੁਤਾ ਹੀ ਜ਼ਿਆਦਾ ਜਰੂਰੀ ਨਾ ਹੋਵੇ। **ਕਰਫ਼ਿਊ ਲੱਗਾ ਹੋਇਆ ਹੈ। ਰਾਤ 9 ਵਜੇ ਤੋਂ ਸਵੇਰ 5 ਵਜੇ ਤੱਕ ਤੁਸੀਂ ਰੁਜ਼ਗਾਰ, ਐਮਰਜੈਂਸੀ (ਅਪਾਤਕਾਲ) ਜਾਂ ਡਾਕਟਰੀ ਦੇਖਭਾਲ ਜਾਂ ਕਿਸੇ ਹੋਰ ਵਾਜਬ ਕਾਰਣ ਤੋਂ ਇਲਾਵਾ, ਆਪਣੇ ਘਰੋਂ ਬਾਹਰ ਨਹੀਂ ਨਿਕਲ ਸਕਦੇ।** **ਜੇ ਤੁਹਾਡੇ ਕੋਲ ਕੋਈ ਵਾਜਬ ਕਾਰਣ ਹੋਵੇ, ਤਾਂ ਸਵੇਰ 5 ਵਜੇ ਤੋਂ ਰਾਤ 9 ਵਜੇ ਦੇ ਵਿੱਚਕਾਰ, ਤੁਸੀਂ ਘਰੋਂ ਨਿੱਕਲ ਸਕਦੇ ਹੋ।** **ਜੇ ਤੁਸੀਂ ਆਪਣੇ ਆਪ ਨੂੰ ਵਖਰਾ ਕੀਤਾ ਹੋਇਆ ਹੈ, ਤਾਂ ਨਿਊ ਸਾਊਥ ਵੇਲਜ਼ ਹੈਲਥ ਦੇ ਕਹੇ ਅਨੁਸਾਰ ਚੱਲੋ**
ਜਦੋਂ ਘਰੋਂ ਨਿੱਕਲਦੇ ਹੋ	ਜਦੋਂ ਤੁਹਾਨੂੰ ਕਿਸੇ ਵਾਜਬ ਕਾਰਣ ਕਰ ਕੇ ਆਪਣੇ ਘਰੋਂ ਨਿੱਕਲਣ ਦੀ ਲੋੜ ਪੈਂਦੀ ਹੈ • ਆਪਣੇ ਘਰ ਦੇ 5 ਕਿੱਲੋਮੀਟੇਰ ਦੇ ਅੰਦਰ ਰਹੋ, ਜਾਂ ਜੇ ਵਾਜਬ ਤੌਰ 'ਤੇ ਉਪਲਬਧ ਨਾ ਹੋਵੇ, ਤਾਂ ਆਪਣੇ ਸਥਾਨਕ ਗੌਰਮਿੰਟ ਏਰੀਆ ਦੇ ਅੰਦਰ • ਆਪਣੇ ਪਤੇ ਦਾ ਕੋਈ ਸਬੂਤ ਆਪਣੇ ਨਾਲ ਰੱਖੋ • ਜਿਸ ਵੀ ਸਥਾਨ 'ਤੇ ਜਾਂਦੇ ਹੋ, ਉੱਥੇ ਚੈੱਕ-ਇਨ ਕਰੋ (ਕਿਉ-ਆਰ ਕੋਡ) • **ਮਾਸਕ ਆਪਣੇ ਨਾਲ ਰੱਖਣ ਅਤੇ ਉਸ ਨੂੰ ਪਾਉਣ ਦੇ ਨੀਯਮਾਂ ਦੀ ਪਾਲਣਾ ਕਰੋ।**
ਲੋਕਾਂ ਨੂੰ ਮਿਲਣ ਜਾਣਾ	ਤੁਸੀਂ ਇਹ ਨਹੀਂ ਕਰ ਸਕਦੇ • ਲੋਕਾਂ ਨੂੰ ਉਨ੍ਹਾਂ ਦੇ ਘਰ ਮਿਲਣ ਜਾਣਾ ਜਾਂ ਲੋਕਾਂ ਨੂੰ ਆਪਣੇ ਘਰ ਮਿਲਣ ਆਉਣ ਦੇਣਾ • **ਕਿਸੇ ਅਜਿਹੇ ਵਿਅਕਤੀ ਨਾਲ ਗੱਡੀ ਸਾਂਝੀ ਕਰਨੀ ਜਿਸਦੇ ਨਾਲ ਤੁਸੀਂ ਰਹਿੰਦੇ ਨਹੀਂ ਹੋ।**
ਮੁਰਮੰਤ ਅਤੇ ਸਫਾਈ	ਰੇਨੋਵੇਸ਼ਨ (ਕੋਈ ਨਵੀਨੀਕਰਨ ਦਾ ਕੰਮ), ਮੁਰੰਮਤ, ਰੱਖ-ਰਖਾਵ ਅਤੇ ਸਾਫ-ਸਫਾਈ ਸੇਵਾਵਾਂ, ਜੋ ਤੁਹਾਡੇ ਘਰ ਅੰਦਰ ਕੰਮ ਕਰ ਰਹੇ ਕਿਸੀ ਵਿਅਕਤੀ ਵੱਲੋਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ, ਉਨ੍ਹਾਂ ਉੱਪਰ ਪਾਬੰਦੀਆਂ ਲੱਗੀਆਂ ਹੋਈਆਂ ਹਨ **ਇਸ ਬਾਰੇ ਹੋਰ ਜਾਣਕਾਰੀ ਵੇਖੋ ਕਿ ਕਿਹੜੇ ਸੇਵਾ ਪ੍ਰਦਾਨਕਰਤਾ ਤੁਹਾਡੇ ਘਰ ਅੰਦਰ ਆ ਸਕਦੇ ਹਨ**
ਬਾਹਰ ਖੁੱਲੇ ਵਿੱਚ ਕਸਰਤ	ਆਪਣੇ ਘਰ ਤੋਂ 5 ਕਿਲੋਮੀਟਰ ਦੇ ਅੰਦਰ ਅੰਦਰ ਰਹੋ। ਤੁਸੀਂ ਬਾਹਰ ਖੁੱਲੇ ਵਿੱਚ ਕਸਰਤ ਕਰਨ, ਜਾਂ ਕਿਸੇ ਅਜਿਹੇ ਕਸਰਤ ਕਰਦੇ ਜਾਂ ਖੇਡਣ ਜਾ ਰਹੇ ਬੱਚੇ ਦੀ ਨਿਗਰਾਨੀ ਕਰਨ ਲਈ ਜਾ ਸਕਦੇ ਹੋ, ਜਿਸਦੀ ਉਮਰ 12 ਸਾਲ ਜਾਂ ਇਸ ਤੋਂ ਘੱਟ ਹੈ। ਤੁਸੀਂ ਕਸਰਤ ਕਰਨ ਵਾਸਤੇ ਉਨ੍ਹਾਂ ਲੋਕਾਂ ਨਾਲ ਬਾਹਰ ਜਾ ਸਕਦੇ ਹੋ ਜੋ

	• ਤੁਹਾਡੇ ਨਾਲ ਰਹਿੰਦੇ ਹਨ • ਕੋਈ ਇੱਕ ਵਿਅਕਤੀ ਜਿਸਦੇ ਨਾਲ ਤੁਸੀਂ ਨਹੀਂ ਰਹਿੰਦੇ, ਜਿਵੇਂ ਕਿ ਤੁਹਾਡਾ ਨਾਮਜ਼ਦ ਕੀਤਾ ਗਿਆ ਮਹਿਮਾਨ
ਖਰੀਦਦਾਰੀ	ਆਪਣੇ ਘਰ ਤੋਂ 5 ਕਿਲੋਮੀਟਰ ਦੇ ਅੰਦਰ ਅੰਦਰ ਰਹੋ। ਜੇ ਤੁਸੀਂ ਸਮਾਨ ਜਾਂ ਸੇਵਾਵਾਂ ਆਪਣੇ ਘਰ ਦੇ 5 ਕਿਲੋਮੀਟਰ ਦੇ ਅੰਦਰ-ਅੰਦਰ ਪ੍ਰਾਪਤ ਨਹੀਂ ਕਰ ਪਾ ਰਹੇ ਹੋ, ਤਾਂ ਸਮਾਨ ਜਾਂ ਸੇਵਾਵਾਂ, ਆਪਣੇ ਸਥਾਨਕ ਗੈਰਮਿੰਟ ਖੇਤਰ ਦੇ ਅੰਦਰ ਅੰਦਰ ਕਿਤੋਂ ਪ੍ਰਾਪਤ ਕਰ ਸਕਦੇ ਹੋ, ਜਾਂ ਜੇ ਲੋੜ ਪਵੇ, ਤਾਂ ਗ੍ਰੇਟਰ ਸਿਡਨੀ ਵਿੱਚ ਸਥਿਤ, ਤੁਹਾਡੇ ਸਭ ਤੋਂ ਨੇੜਲੇ ਸਥਾਨ ਤੋਂ। ਜਿਸ ਵੀ ਸਥਾਨ 'ਤੇ ਤੁਸੀਂ ਜਾਂਦੇ ਹੋ, ਸਰਵਿਸ ਨਿਊ ਸਾਊਥ ਵੇਲਜ਼ ਐਪ ਦੀ ਵਰਤੋਂ ਕਰ ਕੇ, ਉੱਥੇ ਚੈੱਕ-ਇਨ ਕਰੋ, ਜੇ ਤੁਹਾਨੂੰ ਸਹਾਇਤਾ ਚਾਹੀਦੀ ਹੈ ਤਾਂ ਉਸ ਸਥਾਨ 'ਤੇ ਕਿਸੇ ਨੂੰ 'ਚੈੱਕ-ਇਨ' ਕਰਨ ਦੇ ਕਿਸੇ ਦੂਸਰੇ ਤਰੀਕੇ ਬਾਰੇ ਪੁੱਛੋ।
ਰੋਜ਼ਗਾਰ	ਤੁਸੀਂ ਆਪਣੇ ਘਰੋਂ ਰੁਜ਼ਗਾਰ 'ਤੇ ਜਾਣ ਲਈ ਨਿਕਲ ਸਕਦੇ ਹੋ ਜੇ ਤੁਸੀਂ • ਵਾਜਬ ਤੌਰ 'ਤੇ ਘਰ ਬੈਠੇ ਕੰਮ ਨਹੀਂ ਕਰ ਸਕਦੇ ਅਤੇ ਤੁਹਾਡੇ ਰੁਜ਼ਗਾਰ ਦਾ ਸਥਾਨ ਬਲੈਕਟਾਊਨ ਸਥਾਨਕ ਗੈਰਮਿੰਟ ਖੇਤਰ ਵਿੱਚ ਹੈ ਜਿਸ ਵਿੱਚ ਤੁਸੀਂ ਰਹਿੰਦੇ ਹੋ ਜਾਂ ਰਹਿ ਰਹੇ ਹੋ ਜਾਂ • ਤੁਹਾਨੂੰ ਸਰਵਿਸ ਨਿਊ ਸਾਊਥ ਵੇਲਜ਼ ਨਾਲ ਇੱਕ ਯਾਤਰਾ ਪੰਜੀਕਰਣ ਭਰਨਾ ਪਵੇਗਾ ਤਾਂ ਜੋ ਤੁਸੀਂ ਬਲੈਕਟਾਊਨ LGA ਤੋਂ ਬਾਹਰ ਕੰਮ 'ਤੇ ਜਾ ਸਕੋ। ਬਲੈਕਟਾਊਨ ਵਿਖੇ ਨਿਰਮਾਣ (ਕੰਸਟ੍ਰਕਸ਼ਨ) ਦੇ ਸਥਾਨਾਂ 'ਤੇ, ਕੰਮ ਕਰਨ ਦੀ ਇਜਾਜ਼ਤ ਹੈ, ਬਸ਼ਰਤੇ ਕਿ ਇਨ੍ਹਾਂ ਨਿਰਮਾਣ ਸਥਾਨਾਂ 'ਤੇ ਜਿਹੜੇ ਵੀ ਲੋਕ ਮੌਜੂਦ ਹਨ ਉਹ ਨਿਰਮਾਣ ਸਮਰੱਥਾ, ਟੀਕਾਕਰਨ, ਅਤੇ ਸੁਰੱਖਿਆ ਯੋਜਨਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਰਹੇ ਹਨ। ਅਧਿਕਾਰਤ ਕਾਮੇ ਜੋ ਬਲੈਕਟਾਊਨ ਸਥਾਨਕ ਸਰਕਾਰੀ ਖੇਤਰ ਤੋਂ ਬਾਹਰ ਕੰਮ ਕਰਦੇ ਹਨ, ਉਨ੍ਹਾਂ ਨੂੰ ਕਾਮਿਆਂ ਸਬੰਧੀ ਟੀਕਾਕਰਨ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ, ਤਾਂ ਹੀ ਉਨ੍ਹਾਂ ਕੋਲ ਕੰਮ 'ਤੇ ਜਾਣ ਦੀ ਇਜਾਜ਼ਤ ਹੋਵੇਗੀ। ਹੇਠਾਂ ਦੱਸੇ ਕਾਮਿਆਂ ਲਈ ਖਾਸ ਟੀਕਾਕਰਨ ਨਿਯਮ ਅਤੇ ਸਮਾਂ-ਸਾਰਣੀ ਲਾਗੂ ਹੁੰਦੀ ਹੈ: • ਨਿਰਮਾਣ (ਕੰਸਟ੍ਰਕਸ਼ਨ) ਕਾਮੇ • ਕੁਝ ਖਾਸ ਸ਼ੁਰੂਆਤੀ ਸਿੱਖਿਆ ਅਤੇ ਦੇਖਭਾਲ ਕਾਮੇ ਅਤੇ ਅਪਾਹਜਤਾ ਸਹਾਇਕ-ਕਰਮੀ • ਸਿਹਤ-ਸੰਭਾਲ ਸਥਿਤੀਆਂ ਵਿੱਚ ਕੰਮ ਕਰਦੇ ਕਾਮੇ • ਉਹ ਲੋਕ ਜੋ ਰਿਹਾਇਸ਼ੀ ਬਿਰਧ ਦੇਖਭਾਲ ਸੁਵਿਧਾਵਾਂ ਵਿੱਚ ਕੰਮ ਕਰਦੇ ਹਨ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ, ਇਨ੍ਹਾਂ ਵਿੱਚ ਪਲੇਸਮੈਂਟ ਵਾਲੇ ਵਿਦਿਆਰਥੀ ਅਤੇ ਵਸਨੀਕਾਂ ਦੁਆਰਾ ਲਗਾਏ ਗਏ ਸਿਹਤ ਕਰਮੀ ਸ਼ਾਮਲ ਹਨ। • ਸਕੂਲ ਦੇ ਕਰਮਚਾਰੀ ਹਵਾਈ ਅੱਡੇ, ਕੁਆਰੰਟੀਨ (ਇਕਾਂਤਵਾਸ) ਅਤੇ ਕੁਝ ਆਵਾਜਾਈ ਦਾ ਸਾਧਨਾਂ ਨਾਲ ਜੁੜੇ ਕਰਮੀ
ਵੈਕਸੀਨੇਸ਼ਨ	ਜਿੰਨਾਂ ਛੇਤੀ ਹੋ ਸਕੇ, ਕੋਵਿਡ-19 ਦੀ ਮੁਫ਼ਤ ਵੈਕਸੀਨੇਸ਼ਨ ਲਗਵਾਓ। ਜਾਂਚ ਲਓ ਕਿ ਤੁਹਾਡੇ ਨੇੜੇ, ਕਿਹੜੇ ਵਾਕ-ਇਨ ਕਲੀਨਿਕ ਉਪਲਬਧ ਹਨ। ਟੀਕਾਕਰਨ ਦੀਆਂ ਅੱਪੋਇੰਟਮੈਂਟ (ਮੁਲਾਕਾਤਾਂ) ਨਿਊ ਸਾਊਥ ਵੇਲਜ਼ ਹੈਲਥ ਕਲੀਨਿਕਸ, ਜੀਪੀ ਡਾਕਟਰਾਂ ਅਤੇ ਫਾਰਮੇਸੀਆਂ ਰਾਹੀਂ ਵੀ ਉਪਲਬਧ ਹਨ। ਆਪਣੀ ਵੈਕਸੀਨੇਸ਼ਨ ਹੁਣੇ ਬੁੱਕ ਕਰਵਾਓ
COVID-19 ਦੇ ਟੈਸਟ	ਕੋਵਿਡ-19 ਦਾ ਟੈਸਟ (ਜਾਂਚ) ਕਰਵਾਓ ਜੇ • ਤੁਹਾਨੂੰ ਕੋਈ ਵੀ ਲੱਛਣ ਹਨ, ਭਾਵੇਂ ਨਾ ਮਾਤਰ ਹੀ ਕਿਉਂ ਨਾ ਹੋਣ

	• ਤੁਸੀਂ ਕਿਸੇ ਅਜਿਹੇ ਸਥਾਨ ਉੱਤੇ ਉਸੇ ਵਕਤ ਮੌਜੂਦ ਸੀ ਜਦੋਂ ਕੋਵਿਡ-19 ਦੀ ਪੁਸ਼ਟੀ ਹੋ ਚੁੱਕਿਆ ਕੋਈ ਮਾਮਲਾ (ਵਿਅਕਤੀ) ਸੀ • ਤੁਸੀਂ ਕਿਸੇ ਪੁਸ਼ਟੀ ਹੋ ਚੁੱਕੇ ਕੋਵਿਡ-19 ਮਾਮਲੇ ਦੇ ਸੰਪਰਕ ਵਿੱਚ ਆਏ ਸੀ • ਤੁਸੀਂ ਬਲੂ ਮਾਉਂਟੇਨਜ਼ ਅਤੇ ਵਾਲੋਂਗੌਂਗ ਲੋਕਲ ਗੌਰਮਿੰਟ ਖੇਤਰਾਂ ਸਮੇਤ ਗ੍ਰੇਟਰ ਸਿਡਨੀ ਤੋਂ ਬਾਹਰ, 50 ਕਿਲੋਮੀਟਰ ਤੋਂ ਵੀ ਅੱਗੇ ਕਿਤੇ ਕੰਮ ਕਰਦੇ ਹੋ, ਅਤੇ ਤੁਹਾਡੇ ਉੱਪਰ ਹਰ 7 ਦਿਨਾਂ ਬਾਅਦ ਕੋਵਿਡ-19 ਟੈਸਟ ਕਰਵਾਉਣ ਦੇ ਨਿਯਮ ਲਾਗੂ ਹੁੰਦੇ ਹਨ।
ਨਾਮਜ਼ਦ ਕੀਤਾ ਗਿਆ ਮਹਿਮਾਨ	ਜੇ ਤੁਸੀਂ ਇਕੱਲੇ ਰਹਿੰਦੇ ਹੋ, ਤਾਂ ਤੁਹਨੂੰ ਮਿਲਣ ਲਈ ਇੱਕ ਵਿਅਕਤੀ ਆ ਸਕਦਾ ਹੈ। ਇਹ ਚੀਜ਼ ਤਾਂ ਵੀ ਲਾਗੂ ਹੁੰਦੀ ਹੈ ਜੇ ਤੁਸੀਂ ਬੱਚਿਆਂ ਨਾਲ ਰਹਿਣ ਵਾਲੇ ਇਕਲੌਤੇ ਬਾਲਗ ਵਿਅਕਤੀ ਹੋ। ਮਿਲਣ ਆਉਣ ਲਈ ਜਿਹੜੇ ਵਿਅਕਤੀ ਦੀ ਤੁਸੀਂ ਚੋਣ ਕੀਤੀ ਹੈ, ਉਹ ਕਿਸੇ ਹੋਰ ਨੂੰ ਮਿਲਣ ਨਹੀਂ ਜਾ ਸਕਦਾ। ਮਿਲਣ ਆਉਣ ਲਈ ਤੁਸੀਂ ਸਿਰਫ ਇੱਕ ਵਿਅਕਤੀ ਦੀ ਚੋਣ ਕਰ ਸਕਦੇ ਹੋ, ਇਸ ਕਰ ਕੇ ਜਦੋਂ ਤੁਸੀਂ ਇੱਕ ਵਾਰ ਚੋਣ ਕਰ ਲੈਂਦੇ ਹੋ, ਤੁਸੀਂ ਇਸ ਵਿੱਚ ਕੋਈ ਫੇਰ ਬਦਲ ਨਹੀਂ ਕਰ ਸਕਦੇ ਕਿ ਤੁਹਾਨੂੰ ਕੌਣ ਮਿਲਣ ਆਵੇਗਾ। ਕੋਵਿਡ-19 ਸਬੰਧੀ ਨਾਮਜ਼ਦ ਕੀਤੇ ਗਏ ਮਹਿਮਾਨ, ਸਰਵਿਸ ਨਿਊ ਸਾਊਥ ਵੇਲਜ਼ ਰਾਹੀਂ ਰਜਿਸਟਰਡ ਹੋਣੇ ਚਾਹੀਦੇ ਹਨ। ਤੁਹਾਡੇ ਵੱਲੋਂ ਚੋਣ ਕੀਤਾ ਗਿਆ ਵਿਅਕਤੀ, ਤੁਹਾਡੇ ਘਰ ਦੇ 5 ਕਿਲੋਮੀਟਰ ਦੇ ਅੰਦਰ ਅੰਦਰ ਹੀ ਰਹਿੰਦਾ ਹੋਣਾ ਚਾਹੀਦਾ ਹੈ।
ਚਿਹਰੇ ਦੇ ਮਾਸਕ	ਜਦੋਂ ਵੀ ਘਰੋਂ ਨਿਕਲੋ, ਤੁਹਾਨੂੰ ਚਿਹਰੇ ਦਾ ਇੱਕ ਮਾਸਕ ਹਰ ਵਕਤ ਆਪਣੇ ਨਾਲ ਰੱਖਣਾ ਪਵੇਗਾ। ਤੁਹਾਡੇ ਲਈ ਹਰ ਵਕਤ ਇੱਕ ਮਾਸਕ ਪਾਇਆ ਹੋਣਾ ਲਾਜ਼ਮੀ ਹੈ, ਥੱਲੇ ਦੱਸੇ ਗਏ ਸਥਾਨਾਂ ਤੋਂ ਇਲਾਵਾ • ਜਦੋਂ ਤੁਸੀਂ ਆਪਣੇ ਘਰ ਵਿੱਚ ਇਕੱਲੇ ਹੁੰਦੇ ਹੋ • ਜਦੋਂ ਤੁਸੀਂ ਆਪਣੇ ਘਰ ਵਿੱਚ ਅਜਿਹੇ ਦੂਜੇ ਲੋਕਾਂ ਨਾਲ ਹੁੰਦੇ ਹੋ, ਜੋ ਤੁਹਾਡੇ ਨਾਲ ਰਹਿੰਦੇ ਹਨ, ਬਸ਼ਰਤੇ ਕਿ ਤੁਹਾਡੇ ਘਰਾਣੇ ਦਾ ਕੋਈ ਵਿਅਕਤੀ ਆਪਣੇ ਆਪ ਨੂੰ ਵੱਖਰਾ ਨਾ ਰੱਖ ਰਿਹਾ ਹੋਵੇ • ਕਿਸੇ ਵਾਹਨ (ਕਾਰ) ਵਿੱਚ ਇਕੱਲੇ, ਜਾਂ ਉਨ੍ਹਾਂ ਲੋਕਾਂ ਨਾਲ ਯਾਤਰਾ ਕਰਦੇ ਹੋਏ, ਜੋ ਤੁਹਾਡੇ ਨਾਲ ਰਹਿੰਦੇ ਹਨ। • ਕਸਰਤ ਕਰਦੇ ਵੇਲੇ।
ਯਾਤਰਾ ਅਤੇ ਕਾਮਿਆਂ ਵੱਲੋਂ ਪੰਜੀਕਰਣ	ਬਲੈਕਟਾਊਨ ਲੋਕਲ ਗੌਰਮਿੰਟ ਏਰੀਆ ਤੋਂ ਬਾਹਰ, ਕੰਮ ਕਰਨ ਲਈ ਜਾਣ ਤੋਂ ਪਹਿਲਾਂ, ਅਧਿਕਾਰਤ ਕਾਮਿਆਂ ਨੂੰ ਚਾਹੀਦਾ ਹੋਵੇਗਾ ਕਿ ਉਹ ਸਰਵਿਸ ਨਿਊ ਸਾਊਥ ਵੇਲਜ਼ ਨਾਲ ਯਾਤਰਾ ਸਬੰਧੀ ਪੰਜੀਕਰਣ ਕਰਵਾ ਲੈਣ। ਕੋਈ ਐਮਰਜੈਂਸੀ (ਅਪਾਤਕਾਲ) ਸੇਵਾ ਪ੍ਰਦਾਨ ਕਰਨ ਜਾਣ ਲਈ ਤੁਹਾਨੂੰ ਆਪਣੀ ਯਾਤਰਾ ਦਾ ਪੰਜੀਕਰਣ ਕਰਵਾਉਣਾ ਲਾਜ਼ਮੀ ਨਹੀਂ ਹੈ। ਤੁਹਾਨੂੰ ਗ੍ਰੇਟਰ ਸਿਡਨੀ ਤੋਂ ਬਾਹਰ ਕੀਤੀ ਜਾਣ ਵਾਲੀ ਯਾਤਰਾ ਨੂੰ ਵੀ ਰਜਿਸਟਰ ਕਰਵਾਉਣਾ ਪਵੇਗਾ ਜੇ: • ਜੇ ਤੁਸੀਂ ਰੁਜ਼ਗਾਰ ਲਈ ਗ੍ਰੇਟਰ ਸਿਡਨੀ ਤੋਂ 50 ਕਿਲੋਮੀਟਰ ਅੱਗੇ ਕਰਕੇ ਜਾਣਾ ਹੋਵੇ (ਇਸ ਵਿੱਚ ਲੋਕਲ ਗੌਰਮਿੰਟ ਖੇਤਰਾਂ ਦੇ, ਸਿਰਫ਼ ਅਧਿਕਾਰਤ ਕਾਮੇ ਵੀ ਗਿਣੇ ਜਾਣਗੇ) • ਜੇ ਤੁਸੀਂ ਕੰਮ ਦੀ ਵਜਿਹ ਤੋਂ ਜਾਂ ਦੇਖਭਾਲ ਕਰਨ ਜਾਂ ਮੁਰੰਮਤ ਲਈ ਆਪਣੇ ਕਿਸੇ ਦੂਜੇ ਘਰ ਜਾ ਰਹੇ ਹੋ • ਜੇ ਤੁਸੀਂ ਰਹਿਣ ਲਈ ਕਿਸੇ ਮਕਾਨ ਦਾ ਮੁਆਇਨਾ ਕਰਨਾ ਹੈ (ਨਿਵੇਸ਼ ਲਈ ਲਿੱਤੇ ਜਾਣ ਵਾਲੇ ਘਰ ਨਹੀਂ) • ਜੇ ਤੁਸੀਂ ਪੱਕੇ ਤੌਰ 'ਤੇ ਉੱਥੇ ਰਹਿਣ ਜਾ ਰਹੇ ਹੋ

ਵਧੇਰੀ ਜਾਣਕਾਰੀ:

ਕੋਵਿਡ-19 ਨੀਯਮਾਂ ਬਾਰੇ ਆਮ ਹੀ ਪੁੱਛੇ ਜਾਣ ਵਾਲੇ ਸਵਾਲ: https://www.nsw.gov.au/covid-19/rules/changes

ਯਾਦ ਰੱਖੋ, ਤੁਹਾਡੇ ਉੱਪਰ ਪ੍ਰਭਾਵ ਪਾਉਣ ਵਾਲੇ ਨਿਯਮਾਂ ਬਾਰੇ ਆਪਣੀ ਜਾਣਕਾਰੀ ਨੂੰ ਤਾਜ਼ਾ ਰੱਖਣ ਲਈ ਤੁਸੀਂ www.nsw.gov.au **ਉੱਤੇ ਜਾ ਸਕਦੇ ਹੋ**

ਸਰਵਿਸ ਨਿਊ ਸਾਊਥ ਵੇਲਜ਼ ਨੂੰ 13 77 88 'ਤੇ ਸੰਪਰਕ ਕਰੋ। ਤੁਹਾਡੀ ਆਪਣੀ ਭਾਸ਼ਾ ਵਿੱਚ ਸਹਾਇਤਾ ਲਈ, ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS) ਨੂੰ 13 14 50 'ਤੇ ਕਾੱਲ ਕਰੋ ਅਤੇ ਉਨ੍ਹਾਂ ਨੂੰ ਕਹੋ ਕਿ ਤੁਹਾਡੀ ਗੱਲ ਸਰਵਿਸ ਨਿਊ ਸਾਊਥ ਵੇਲਜ਼ ਨਾਲ 13 77 88 'ਤੇ ਕਰਵਾਉਣ।

> ਫੈਲਾਵ ਨੂੰ ਰੋਕਣ ਵਿੱਚ ਸਾਡੀ